a2zpapers.com

**Exam. Code : 103201**
**Subject Code : 1002**

**B.A./B.Sc. 1st Semester**

**PUNJABI COMPULSORY**

Time Allowed—3 Hours] [Maximum Marks—50

**ਨੋਟ:–** ਪ੍ਰਸ਼ਨ ਪੱਤਰ ਦੇ **ਚਾਰ** ਭਾਗ ਹੋਣਗੇ। ਹਰ ਭਾਗ ਵਿੱਚੋਂ **ਦੋ** ਪ੍ਰਸ਼ਨ ਪੁੱਛੇ ਜਾਣਗੇ। ਵਿਦਿਆਰਥੀ ਨੇ ਕੁੱਲ **ਪੰਜ** ਪ੍ਰਸ਼ਨ ਕਰਨੇ ਹਨ। ਹਰ ਭਾਗ ਵਿੱਚੋਂ **ਇੱਕ** ਪ੍ਰਸ਼ਨ ਲਾਜ਼ਮੀ ਹੈ। ਪੰਜਵਾਂ ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ।

**ਭਾਗ–ੳ**

1. 'ਸਮਾਂ' ਕਵਿਤਾ ਦਾ ਵਿਸ਼ਾ-ਵਸਤੂ ਲਿਖੋ।

**ਜਾਂ**

2. 'ਅੰਮ੍ਰਿਤਾ ਪ੍ਰੀਤਮ' ਦੇ ਜੀਵਨ ਤੇ ਰਚਨਾ ਬਾਰੇ ਸੰਖੇਪ ਜਾਣਕਾਰੀ ਦਿਓ। 10

**ਭਾਗ–ਅ**

3. 'ਗੁਰੂ ਨਾਨਕ ਦੇਵ ਜੀ' ਜੀਵਨੀ ਦਾ ਵਿਸ਼ਾ-ਵਸਤੂ ਲਿਖੋ।

**ਜਾਂ**

4. 'ਫਲੋਰੈਂਸ ਨਾਈਟਿੰਗੇਲ' ਜੀਵਨੀ ਦਾ ਸਾਰ ਲਿਖੋ। 10

**ਭਾਗ–ੲ**

5. ਹੇਠ ਲਿਖਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ :
   (i) ਸਦਾਚਾਰ
   (ii) ਸਮਾ
   (iii) ਸ਼ੁਕਰਾਨਾ ਭਾਵ। 10



www.a2zpapers.com www.a2zpapers.com
oad free old Question papers gndu, ptu hp board, punjab

a2zpapers.com

6. ਪੈਰ੍ਹਾ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ :

ਲੇਖ ਅਜਿਹੀ ਰਚਨਾ ਦਾ ਨਾਂ ਹੈ ਜਿਸ ਵਿੱਚ ਕਿਸੇ ਵਿਸ਼ੇ ਬਾਰੇ ਖਾਸ ਬੱਝਵੀਂ ਤਰਤੀਬ ਨਾਲ ਵਾਕਫ਼ੀ ਦਿੱਤੀ ਜਾਂਦੀ ਹੈ। ਮੁੱਖ ਤੌਰ ਤੇ ਅਜਿਹੀ ਰਚਨਾ ਦੇ ਤਿੰਨ ਪੱਖ ਹੁੰਦੇ ਹਨ। ਸਭ ਤੋਂ ਪਹਿਲਾ ਪੱਖ ਲੇਖ ਦਾ ਵਿਸ਼ਾ ਹੁੰਦਾ ਹੈ। ਵਿਸ਼ਾ ਜੀਵਨ ਦਾ ਕੋਈ ਵੀ ਵਿਚਾਰ ਅਨੁਭਵ ਜਾਂ ਕੋਈ ਵੀ ਵਸਤੂ ਹੋ ਸਕਦੀ ਹੈ। ਕਿਸੇ ਵੀ ਨਿਗੂਣੀ ਤੋਂ ਨਿਗੂਣੀ ਤੇ ਮਹਾਨ ਤੋਂ ਮਹਾਨ ਵਸਤੂ ਉੱਤੇ ਲੇਖ ਲਿਖਿਆ ਜਾ ਸਕਦਾ ਹੈ। ਲੇਖ ਦਾ ਦੂਜਾ ਪੱਖ ਭਾਸ਼ਾ ਹੈ। ਲੇਖ ਵਾਰਤਕ ਵਿੱਚ ਲਿਖਿਆ ਜਾ ਸਕਦਾ ਹੈ ਤੇ ਜਿਸ ਵਿੱਚ ਵਿਆਕਰਣ ਦੇ ਨਿਯਮਾਂ ਨੂੰ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ। ਲੇਖ ਦਾ ਤੀਜਾ ਪੱਖ ਹੈ। ਇਸ ਦਾ ਅਰਥ ਹੈ ਬਿਆਨ ਕਰਨ ਦਾ ਢੰਗ। ਸਰਲਤਾ, ਸਪੱਸ਼ਟਤਾ ਦੇ ਨਾਲ-ਨਾਲ ਆਪਣੀ ਸ਼ੈਲੀ ਨੂੰ ਸੰਜਮ ਭਰੇ ਢੰਗ ਨਾਲ ਬਿਆਨ ਕਰਨਾ ਲੇਖ ਦੀ ਸ਼ੈਲੀ ਹੈ।

(i) ਲੇਖ ਤੋਂ ਕੀ ਭਾਵ ਹੈ ?

(ii) ਲੇਖ ਦਾ ਵਿਸ਼ਾ ਕਿਹੋ-ਜਿਹਾ ਹੋ ਸਕਦਾ ਹੈ ?

(iii) ਲੇਖ ਦੇ ਕਿੰਨੇ ਪੱਖ ਹੁੰਦੇ ਹਨ ?

(iv) ਸ਼ੈਲੀ ਤੋਂ ਕੀ ਭਾਵ ਹੈ ?

(v) ਲੇਖ ਦੀ ਭਾਸ਼ਾ ਕਿਹੋ-ਜਿਹੀ ਹੁੰਦੀ ਹੈ ? 5×2

**ਭਾਗ-ਸ**

7. ਉਪਭਾਸ਼ਾ ਤੋਂ ਕੀ ਭਾਵ ਹੈ ? ਪੰਜਾਬੀ ਉਪਭਾਸ਼ਾਵਾਂ ਦੇ ਪਛਾਣ ਚਿੰਨ੍ਹ ਦੱਸੋ।

**ਜਾਂ**

8. ਪੰਜਾਬੀ ਭਾਸ਼ਾ ਦੇ ਨਿਕਾਸ ਬਾਰੇ ਜਾਣਕਾਰੀ ਦਿਓ। 10



www.a2zpapers.com www.a2zpapers.com
oad free old Question papers gndu, ptu hp board, punjab